International Journal of Humanities, Commerce and Education
Volume 2 | Issue 2 | February 2026 | ISSN: 3108-0456 (Online)
Available online at: https://ijhce.com/
DOI: https://doi.org/10.59828/ijhce.v2i2.33

# ਗ਼ਦਰ ਲਹਿਰ ਅਤੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪਰਵਾਸੀ ਪੰਜਾਬੀਆਂ ਦੇ ਯੋਗਦਾਨ ਦੀ ਸਾਹਿਤਕ ਪ੍ਰਸਤੁਤੀ ਦਾ ਬਿਰਤਾਂਤ

# Gadar Lehar Ate Bharti Sutantarta Sangram Vich Parvasi Punjabiyan De Yogdan Di Sahitak Prastuti Da Birtant

**ਡਾ.ਅਕਾਲ ਅੰਮ੍ਰਿਤ ਕੌਰ (Dr. Akal Amrit Kaur)**

ਐਸੋਸੀਏਟ ਪ੍ਰੋਫ਼ੈਸਰ ਤੇ ਮੁਖੀ ਪੰਜਾਬੀ ਵਿਭਾਗ, ਲਾਇਲਪੁਰ ਖਾਲਸਾ ਕਾਲਜ ਫ਼ਾਰ ਵਿਮੈਨ, ਜਲੰਧਰ (ਪੰਜਾਬ)

Associate Professor and Head, Department of Punjabi, Lyallpur Khalsa College for Women, Jalandhar (Punjab)

**E-Mail:** akalamrit@gmail.com

**Received:** 05 February 2026 | **Accepted:** 23 February 2026 | **Published:** 27 February 2026

## Abstract (ਸਾਰ)

*ਭਾਰਤ ਦੇ ਸੁਤੰਤਰਤਾ ਸੰਗਰਾਮ ਤੇ ਗ਼ਦਰ ਲਹਿਰ ਵਿੱਚ ਪਰਵਾਸੀ ਪੰਜਾਬੀਆਂ ਦਾ ਬਹੁਤ ਮਹੱਤਵਪੂਰਨ ਤੇ ਸਾਰਥਕ ਯੋਗਦਾਨ ਰਿਹਾ ਹੈ। ਪਰਵਾਸੀ ਪੰਜਾਬੀ ਸਾਹਿਤ ਵਿੱਚ ਜਿਸਦਾ ਇਤਿਹਾਸਕ-ਸਾਹਿਤਕ ਦਸਤਾਵੇਜ਼ੀਕਰਨ ਉਪਲਬਧ ਹੈ।ਪਰਵਾਸੀ ਪੰਜਾਬੀ ਬਦੇਸ਼ ਵਿੱਚ ਰਹਿੰਦੇ ਹੋਏ ਵੀ ਆਪਣੇ ਰਾਸ਼ਟਰ ਪ੍ਰਤਿ ਜਾਗਰੂਕ ਰਹਿੰਦੇ ਹਨ। ਆਪਣੇ ਵਤਨ ਨਾਲ ਜੁੜਨ ਦੀ ਤਾਂਘ, ਦੇਸ਼ ਦੀ ਮਹੱਤਤਾ ਦੀ ਭਾਵਨਾ ਅਤੇ ਸੁਤੰਤਰਤਾ ਪ੍ਰਤਿ ਤੀਬਰ ਪਿਆਰ ਆਦਿ ਹੀ ਪਰਵਾਸੀਆਂ ਵਿਚ ਰਾਸ਼ਟਰੀ ਜਾਗਰੂਕਤਾ ਪੈਦਾ ਕਰਦੇ ਹਨ। ਕੈਨੇਡਾ ਤੇ ਅਮਰੀਕਾ ਵਿਚ ਗਏ ਪਹਿਲੇ ਪੜਾਅ ਦੇ ਪਰਵਾਸੀ ਪੰਜਾਬੀਆਂ ਦੀ ਵੱਡੀ ਗਿਣਤੀ ਭਾਵੇਂ ਅਨਪੜ੍ਹ ਸੀ ਪਰੰਤੂ ਇਹਨਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੀ ਲੀਡਰਸ਼ਿਪ ਮੌਜੂਦ ਸੀ। ਇਹਨਾਂ ਮੁਲਕਾਂ ਵਿੱਚ ਸੁਤੰਤਰ ਲੋਕਾਂ ਨੂੰ ਪ੍ਰਾਪਤ ਆਜ਼ਾਦੀ ਦੇ ਪ੍ਰਭਾਵ/ਪ੍ਰਤਿਕਰਮ ਨੇ ਹੀ ਭਾਰਤੀਆਂ ਨੂੰ ਆਪਣੇ ਗੁਲਾਮੀ ਵਾਲੇ ਜੀਵਨ ਸੰਬੰਧੀ ਜਾਗਰੂਕਤਾ ਪ੍ਰਦਾਨ ਕੀਤੀ। ਇਸ ਖੋਜ-ਪੱਤਰ ਰਾਹੀਂ ਅਸੀਂ ਗ਼ਦਰ ਲਹਿਰ ਅਤੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪਰਵਾਸੀ ਪੰਜਾਬੀਆਂ ਦੇ ਯੋਗਦਾਨ ਨੂੰ ਸਾਹਿਤ ਦੇ ਅੰਤਰਗਤ ਚਰਚਾ ਦਾ ਆਧਾਰ ਬਣਾਵਾਂਗੇ।*

**Keywords (ਕੀਵਰਡਸ):** ਸਾਮਰਾਜਵਾਦ, ਯਥਾਰਥਕ, ਰਾਸ਼ਟਰੀਅਤਾ, ਨਾਇਕਤਵ, ਕਥਾ-ਬਿਰਤਾਂਤ, ਗਲਪੀ-ਬਿੰਬ, ਸਰਮਾਏਦਾਰੀ, ਮਾਨਵਵਾਦ .

## ਭੂਮਿਕਾ

ਭਾਰਤ ਦੇ ਸੁਤੰਤਰਤਾ ਸੰਗਰਾਮ ਤੇ ਗ਼ਦਰ ਲਹਿਰ ਵਿੱਚ ਪਰਵਾਸੀ ਪੰਜਾਬੀਆਂ ਦਾ ਬਹੁਤ ਮਹੱਤਵਪੂਰਨ ਤੇ ਸਾਰਥਕ ਯੋਗਦਾਨ ਰਿਹਾ ਹੈ। ਪਰਵਾਸੀ ਪੰਜਾਬੀ ਸਾਹਿਤ ਵਿੱਚ ਜਿਸਦਾ ਇਤਿਹਾਸਕ-ਸਾਹਿਤਕ ਦਸਤਾਵੇਜ਼ੀਕਰਨ ਉਪਲਬਧ ਹੈ। ਪਰਵਾਸੀ ਪੰਜਾਬੀ ਗਲਪ ਦੇ ਅੰਤਰਗਤ ਵਿਸ਼ੇਸ਼ ਤੌਰ' ਤੇ ਕੇਸਰ ਸਿੰਘ ਦੀਆਂ ਨਾਵਲੀ ਰਚਨਾਵਾਂ ਵਿੱਚ ਗਦਰ ਪਾਰਟੀ ਦੀ ਸਿਰਜਣਾ, ਉਦੇਸ਼, ਰਣਨੀਤੀ, ਪਾਸਾਰ, ਅਸਫ਼ਲਤਾ, ਸੁਤੰਤਰਤਾ ਸੰਗਰਾਮੀਆਂ ਦੀਆਂ ਘਾਲਣਾਵਾਂ ਤੇ ਸ਼ਹੀਦੀਆਂ; ਸਾਮਰਾਜ ਵਿਰੋਧੀ ਲਹਿਰਾਂ ਨਾਲ ਗਠਜੋੜ ਦੇ ਯਤਨਾਂ ਆਦਿ ਦੀ ਯਥਾਰਥਕ ਪੇਸ਼ਕਾਰੀ ਹੋਈ ਹੈ। ਦਰਅਸਲ ਪਰਵਾਸੀ ਪੰਜਾਬੀ ਬਦੇਸ਼ ਵਿੱਚ ਰਹਿੰਦੇ ਹੋਏ ਵੀ ਆਪਣੇ ਰਾਸ਼ਟਰ ਪ੍ਰਤਿ ਜਾਗਰੂਕ ਰਹਿੰਦੇ ਹਨ। ਆਪਣੇ ਵਤਨ ਨਾਲ ਜੁੜਨ ਦੀ ਤਾਂਘ, ਦੇਸ਼ ਦੀ ਮਹੱਤਤਾ ਦੀ ਭਾਵਨਾ ਅਤੇ ਸੁਤੰਤਰਤਾ ਪ੍ਰਤਿ ਤੀਬਰ ਪਿਆਰ ਆਦਿ ਹੀ ਪਰਵਾਸੀਆਂ ਵਿਚ ਰਾਸ਼ਟਰੀ ਜਾਗਰੂਕਤਾ ਪੈਦਾ ਕਰਦੇ ਹਨ। ਕੈਨੇਡਾ ਤੇ ਅਮਰੀਕਾ ਵਿਚ ਗਏ ਪਹਿਲੇ

This is an open access article under the Creative Commons Attribution-Non-Commercial 4.0 International License.
© The Author(s) 2026. IJHCE Published by Surya Multidisciplinary Publication.

ਪੜਾਅ ਦੇ ਪਰਵਾਸੀ ਪੰਜਾਬੀਆਂ ਦੀ ਵੱਡੀ ਗਿਣਤੀ ਭਾਵੇਂ ਅਨਪੜ੍ਹ ਸੀ ਪਰੰਤੂ ਇਹਨਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੀ ਲੀਡਰਸ਼ਿਪ ਮੌਜੂਦ ਸੀ। ਇਹਨਾਂ ਮੁਲਕਾਂ ਵਿੱਚ ਸੁਤੰਤਰ ਲੋਕਾਂ ਨੂੰ ਪ੍ਰਾਪਤ ਆਜ਼ਾਦੀ ਦੇ ਪ੍ਰਭਾਵ/ਪ੍ਰਤਿਕਰਮ ਨੇ ਹੀ ਭਾਰਤੀਆਂ ਨੂੰ ਆਪਣੇ ਗੁਲਾਮੀ ਵਾਲੇ ਜੀਵਨ ਸੰਬੰਧੀ ਜਾਗਰੂਕਤਾ ਪ੍ਰਦਾਨ ਕੀਤੀ। ਇਸ ਖੋਜ-ਪੱਤਰ ਰਾਹੀਂ ਅਸੀਂ ਕੇਸਰ ਸਿੰਘ ਦੇ ਗਦਰ ਲਹਿਰ ਨਾਲ ਸੰਬੰਧਿਤ ਨਾਵਲਾਂ ਬਾਬਾ ਹਰੀ ਸਿੰਘ ਉਸਮਾਨ, ਅਮਰ ਸ਼ਹੀਦ ਮਦਨ ਲਾਲ ਢੀਂਗਰਾ, ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ, ਸਿੰਘ ਸਾਹਿਬ ਦੀ ਸ਼ਹਾਦਤ, ਜੰਞ ਲਾੜਿਆਂ ਦੀ, ਗਦਰੀ ਗੁਲਾਬ, ਕਾਮਾਗਾਟਾਮਾਰੂ, ਹਥਿਆਰਬੰਦ ਇਨਕਲਾਬ ਨੂੰ ਚਰਚਾ ਦਾ ਆਧਾਰ ਬਣਾਇਆ ਗਿਆ ਹੈ।

## ਬਾਬਾ ਹਰੀ ਸਿੰਘ ਉਸਮਾਨ: ਜੀਵਨ ਕਥਾ ਅਤੇ ਗ਼ਦਰ ਪਾਰਟੀ ਦਾ ਇਤਿਹਾਸ

*ਬਾਬਾ ਹਰੀ ਸਿੰਘ ਉਸਮਾਨ (1975) ਕੇਸਰ ਸਿੰਘ ਦੁਆਰਾ ਰਚਿਤ ਜੀਵਨੀਆਤਮਕ ਨਾਵਲ ਹੈ, ਜਿਸਦੇ ਬਿਰਤਾਂਤ ਵਿਚ ਇਕ ਪਾਸੇ ਗ਼ਦਰ ਪਾਰਟੀ ਦੇ ਇਕ ਪ੍ਰਸਿੱਧ ਯੋਧੇ ਬਾਬਾ ਉਸਮਾਨ ਦੀ ਜੀਵਨ ਕਹਾਣੀ ਤੇ ਦੂਸਰੇ ਪਾਸੇ ਲਗਭਗ ਅੱਧੀ ਸਦੀ ਦੇ ਭਾਰਤੀ ਇਤਿਹਾਸ ਦੇ ਅੰਤਰਗਤ; ਗ਼ਦਰ ਪਾਰਟੀ ਦੀ ਸਿਰਜਣਾ, ਇਸ ਦੀਆਂ ਪ੍ਰਾਪਤੀਆਂ ਤੇ ਅਸਫ਼ਲਤਾਵਾਂ, ਦੋ ਵੱਡੇ ਸੰਸਾਰ ਯੁੱਧਾਂ, ਭਾਰਤ ਦੀ ਜੰਗੇ-ਆਜ਼ਾਦੀ ਦੀ ਤਹਿਰੀਕ ਦੇ ਨਾਲ ਦੂਸਰੇ ਗ਼ੁਲਾਮ ਦੇਸ਼ਾਂ ਦੀਆਂ ਸੁਤੰਤਰਤਾ ਪ੍ਰਾਪਤੀ ਲਈ ਚੱਲੀਆਂ ਲਹਿਰਾਂ ਤੇ ਆਜ਼ਾਦ ਹਿੰਦ ਫ਼ੌਜ ਦੀ ਕਾਰਗੁਜ਼ਾਰੀ ਦੀ ਯਥਾਰਥਕ ਪੇਸ਼ਕਾਰੀ ਹੋਈ ਹੈ ਤੇ ਲੇਖਕ ਨੇ ਆਪਣੇ ਨਾਇਕ ਦੀ ਨਿੱਜੀ ਜ਼ਿੰਦਗੀ ਨੂੰ ਇਤਿਹਾਸਕ ਪਰਿਪੇਖ ਵਿੱਚ ਪੇਸ਼ ਕਰਕੇ ਆਪਣੀ ਸਹੀ ਤੇ ਵਿਗਿਆਨਕ ਇਤਿਹਾਸ-ਦ੍ਰਿਸ਼ਟੀ ਦਾ ਪ੍ਰਮਾਣ ਦਿੱਤਾ ਹੈ।*[1] ਉਤਰੀ ਅਮਰੀਕਾ ਦੀ ਧਰਤੀ' ਤੇ ਭਾਰਤੀ ਇਨਕਲਾਬੀਆਂ ਦੁਆਰਾ ਬਦੇਸ਼ ਵਿੱਚ ਹਿੰਦੀ ਮਜ਼ਦੂਰਾਂ ਦੇ ਹਿੱਤਾਂ ਲਈ, ਉਹਨਾਂ ਉੱਪਰ ਲਗਾਈਆਂ ਗਈਆਂ ਪਾਬੰਦੀਆਂ ਹਟਾਉਣ ਸੰਬੰਧੀ ਜਿਥੇ ਸੰਘਰਸ਼ ਕੀਤਾ ਜਾਂਦਾ ਹੈ, ਉਥੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਕੁੱਦਣ ਦਾ ਸੱਦਾ ਵੀ ਦਿੱਤਾ ਜਾਂਦਾ ਹੈ। ਇਸ ਇਕੱਠ ਤੋਂ ਪ੍ਰਭਾਵਿਤ ਹੋ ਕੇ ਹੀ ਹਰੀ ਸਿੰਘ ਵੀ ਗ਼ਦਰ ਪਾਰਟੀ ਦਾ ਸਰਗਰਮ ਵਰਕਰ ਬਣ ਜਾਂਦਾ ਹੈ। ਗ਼ਦਰ ਪਾਰਟੀ ਦੇ ਇਤਿਹਾਸ ਦਾ ਵਰਨਣ ਹਰੀ ਸਿੰਘ ਦੇ ਜੀਵਨ ਸਮਾਚਾਰਾਂ ਦੇ ਸਮਾਂਨਾਤਰ ਹੀ ਚੱਲਦਾ ਦਿਖਾਈ ਦਿੰਦਾ ਹੈ। ਲੇਖਕ ਨੇ ਇਸ ਨਾਵਲ ਵਿੱਚ ਗ਼ਦਰ ਪਾਰਟੀ ਦੇ ਉਦੇਸ਼, ਮਨੋਰਥਾਂ ਨੂੰ ਇਸ ਤਰ੍ਹਾਂ ਅੰਕਿਤ ਕੀਤਾ ਹੈ:

- *ਇਹ ਗ਼ਦਰ ਪਾਰਟੀ ਇੱਕ ਕੌਮੀ ਪਾਰਟੀ ਹੈ। ਇਸ ਪਾਰਟੀ ਵਿਚ ਹਰ ਇੱਕ ਮੈਂਬਰ ਜੋ ਵੀ ਮਜ਼੍ਹਬੀ ਖਿਆਲ ਰੱਖਣਾ ਚਾਹੇ, ਰੱਖ ਸਕਦਾ ਹੈ। ਇਸ ਪਾਰਟੀ ਵਿੱਚ... ਹਰ ਮਜ਼੍ਹਬ ਦਾ ਆਦਮੀ ਹਿੰਦੁਸਤਾਨੀ ਹੋਣ ਦੇ ਨਾਤੇ ਸ਼ਾਮਲ ਹੋ ਸਕਦਾ ਹੈ। ਅਸੀਂ ਕਿਸੇ ਮਜ਼੍ਹਬੀ ਝਗੜੇ ਵਿੱਚ ਨਹੀਂ ਪੈਂਦੇ। ਮਜ਼੍ਹਬ ਇੱਕ ਇਨਸਾਨ ਦਾ ਆਪਣਾ ਜਾਤੀ ਮਸਲਾ ਹੈ ਪਰ ਆਜ਼ਾਦੀ ਦੀ ਪਾਰਟੀ ਇੱਕ ਹੈ... ਗ਼ਦਰ ਬਗਾਵਤੀ ਪਾਰਟੀ ਹੈ।*[2]
- *ਇਹ ਪਾਰਟੀ ਅੰਗਰੇਜ਼ੀ ਰਾਜ ਦੀ ਪੱਕੀ ਦੁਸ਼ਮਣ ਹੈ... ਇਹ ਕੌਮੀ ਪਾਰਟੀ ਪਿੰਡ ਦੇ ਕਿਸਾਨਾਂ ਤੇ ਮਜ਼ਦੂਰਾਂ ਦੀ ਪਾਰਟੀ ਹੈ। ਇਹ ਗਰੀਬਾਂ ਤੇ ਮਿਹਨਤ ਕਰਨ ਵਾਲਿਆਂ ਦੀ ਪਵਿੱਤਰ ਫੌਜ ਹੈ। ਇਹ ਪਾਰਟੀ ਡਰਪੋਕ, ਖੁਦਗਰਜ਼, ਆਰਾਮ-ਪ੍ਰਸਤ, ਮੱਕਾਰ, ਗ਼ੁਲਾਮ ਟੋਲੇ ਦੀ ਨਹੀਂ, ਸਗੋਂ ਬਹਾਦਰਾਂ, ਲੜਾਕਿਆਂ, ਸੂਰਮਿਆਂ ਤੇ ਤਿਆਗੀਆਂ ਦੀ ਪਾਰਟੀ ਹੈ।*[3]
- *ਗਦਰ ਪਾਰਟੀ ਫ਼ਰੰਗੀ ਨਾਸ਼ਕ ਪਾਰਟੀ ਹੈ। ਇਹ ਜਮਹੂਰੀ ਪਾਰਟੀ ਹੈ। ਪੰਚੈਤੀ ਰਾਜ ਦੀ ਹਾਮੀ ਭਰਨ ਵਾਲੀ ਪਾਰਟੀ ਹੈ। ਇਸ ਪਾਰਟੀ ਵਿੱਚ ਸਭ ਦੇ ਹੱਕ ਇਕੋ ਜਿਹੇ ਹਨ।*[4]

ਹਰੀ ਸਿੰਘ ਦੇ ਹੋਰ ਗ਼ਦਰੀਆਂ ਨੂੰ ਮਹਿਸੂਸ ਹੁੰਦਾ ਹੈ ਕਿ ਦੇਸ਼ ਦੀ ਆਜ਼ਾਦੀ ਉਪਰੰਤ ਵੀ ਅਸਲੀ ਆਜ਼ਾਦੀ ਪ੍ਰਾਪਤ ਨਹੀਂ ਹੋਈ। ਕੇਵਲ ਸਰਕਾਰਾਂ ਹੀ ਬਦਲੀਆਂ ਹਨ, ਬਾਕੀ ਸਭ ਕੁਝ ਉਹੋ ਜਿਹਾ ਹੀ ਹੈ। ਸਾਧਾਰਨ ਇਨਸਾਨ, ਕਿਰਤੀ ਕਿਰਸਾਨਾਂ ਦੀਆਂ ਸਥਿਤੀਆਂ ਵਿੱਚ ਬਹੁਤਾ ਅੰਤਰ ਨਹੀਂ ਆਇਆ। ਇਸ ਸਥਿਤੀ ਦਾ ਸਾਹਮਣਾ ਕਰਨ ਲਈ ਅਸਲੀ ਆਜ਼ਾਦੀ ਦੀ ਪ੍ਰਾਪਤੀ ਲਈ ਇਕ ਹੋਰ ਲੜ੍ਹਾਈ ਲੜੇ ਜਾਣ ਦੀ ਲੋੜ ਹੈ ਜਿਸ ਸਬੰਧੀ ਉਹ ਸਕੀਮਾਂ ਬਣਾਉਂਦਾ ਹੈ।

## ਅਮਰ ਸ਼ਹੀਦ ਮਦਨ ਲਾਲ ਢੀਂਗਰਾ: ਲੰਡਨ ਵਿੱਚ ਇਨਕਲਾਬੀ ਸਰਗਰਮੀਆਂ

ਕੇਸਰ ਸਿੰਘ ਦੇ ਨਾਵਲ 'ਅਮਰ ਸ਼ਹੀਦ ਮਦਨ ਲਾਲ ਢੀਂਗਰਾ' (1977) ਦਾ ਬਿਰਤਾਂਤ ਮਈ 1906 ਤੋਂ 17 ਅਗਸਤ 1909 ਤਕ ਦੇ ਕਾਲ-ਅੰਤਰਾਲ ਵਿੱਚ ਫ਼ੈਲਿਆ ਹੋਇਆ ਹੈ। ਨਾਵਲ ਦੇ ਕਥਾ-ਬਿਰਤਾਂਤ ਵਿੱਚ ਮਦਨ ਲਾਲ ਢੀਂਗਰਾ ਦੇ ਲੰਡਨ ਪਹੁੰਚ ਕੇ ਯੂਨੀਵਰਸਿਟੀ ਇੰਜੀਅਰਿੰਗ ਕਾਲਜ ਵਿੱਚ ਦਾਖ਼ਲ ਹੋਣ ਤੋਂ ਲੈ ਕੇ ਸਰ ਕਰਜ਼ਨ ਵਾਇਲੀ ਦਾ ਕਤਲ ਕਰਨ ਤੱਕ ਦੀਆਂ ਵਿਭਿੰਨ ਗਤੀਵਿਧੀਆਂ ਦਾ ਚਿਤਰਣ ਕੀਤਾ ਗਿਆ ਹੈ। ਉਸਨੇ ਇੰਡੀਆ ਹਾਊਸ ਦੇ ਸੰਪਰਕ ਵਿੱਚ ਆਉਣ ਉਪਰੰਤ ਵਿਭਿੰਨ ਰਾਜਸੀ ਸਰਗਰਮੀਆਂ ਵਿੱਚ ਹਿੱਸਾ ਲੈਣਾ ਆਰੰਭ ਕਰ ਦਿੱਤਾ। ਇੰਡੀਅਨ ਐਸੋਸੀਏਸ਼ਨ ਦੇ ਪ੍ਰਤਿਉੱਤਰ ਵਜੋਂ ਭਾਰਤੀ ਇਨਕਲਾਬੀਆਂ ਦੁਆਰਾ ਸਥਾਪਤ ਇੰਡੀਆ ਹਾਊਸ ਦੁਆਰਾ 1857 ਈ. ਦੇ ਗ਼ਦਰ ਨੂੰ ਭਾਰਤ ਦੀ ਪਹਿਲੀ ਆਜ਼ਾਦੀ ਦੀ ਜੰਗ ਦੀ ਪੰਜਾਹਵੀਂ ਸਾਲਗਿਰਾ ਦੇ ਤੌਰ' ਤੇ ਮਨਾਉਣਾ,ਦੋ ਵਿਦਿਆਰਥੀਆਂ ਦੁਆਰਾ ਜੰਗੇ-ਆਜ਼ਾਦੀ ਦੇ ਲਾਏ ਬੈਜਾਂ ਉੱਪਰ ਪ੍ਰਿੰਸੀਪਲ ਦਾ ਇਤਰਾਜ਼ ਤੇ ਵਿਦਿਆਰਥੀਆਂ ਦਾ ਕਾਲਜ ਛੱਡਣਾ, ਭਾਰਤੀ ਇਸਤਰੀਆਂ ਦੁਆਰਾ ਉਹਨਾਂ ਦਾ ਸਨਮਾਨ ਕਰਨਾ ਆਦਿ ਮੁੱਖ ਘਟਨਾਵਾਂ ਹਨ। ਇਸ ਸਮੇਂ ਭਾਰਤ ਦੇ ਰਾਜਨੀਤਕ ਤੇ ਸਮਾਜਕ ਜੀਵਨ ਵਿੱਚ ਘਟੀਆਂ ਘਟਨਾਵਾਂ ਜਿਵੇਂ ਬੰਗਾਲ ਦਾ ਕਾਲ ਤੇ ਬੰਗਾਲ ਦੀ ਵੰਡ, ਪਲੇਗ ਦਾ ਫੈਲਣਾ, ਸੁਦੇਸ਼ੀ ਲਹਿਰ, ਮੁਜੱਫਰਗੜ੍ਹ ਡ੍ਰਿਸਟ੍ਰਿਕਟ ਕੋਰਟ ਦੇ ਮੈਜਿਸਟਰੇਟ ਦੀ ਬੱਘੀ ਤੇ ਖੁਦੀ ਰਾਮ ਬੋਸ ਦੁਆਰਾ ਬੰਬ ਸੁੱਟਣਾ, ਕਾਂਗਰਸ ਦਾ ਦੋ ਧੜ੍ਹਿਆਂ ਵਿਚ ਵਿਭਾਜਨ ਆਦਿ ਵੀ ਪ੍ਰਮੁੱਖਤਾ ਗ੍ਰਹਿਣ ਕਰਦੀਆਂ ਹਨ। ਆਇਰਲੈਂਡ ਦੇ ਲੋਕਾਂ ਦੁਆਰਾ ਮਦਨ ਲਾਲ ਢੀਂਗਰਾ ਨੂੰ ਸ਼ਰਧਾਜਲੀ ਭੇਟ ਕਰਨਾ, ਟੈਟੂਮਨ ਦਾ ਮਦਨ ਅਮਰ ਰਹੇ ਦਾ ਨਾਅਰਾ ਲਾਉਣਾ, ਜੈਕ ਦੇ ਹੱਥ ਵਿੱਚ ਫੜਿਆ ਮਾਟੋ Is death more fearless than Dhingra ਆਦਿ ਜਿੱਥੇ ਉਸ ਦੁਆਰਾ ਕੀਤੇ ਗਏ ਰਾਸ਼ਟਰ ਲਈ ਗੌਰਵਮਈ ਕਾਰਜ ਪ੍ਰਤਿ ਸ਼ਰਧਾਂਜਲੀ ਅਰਪਿਤ ਕਰਦੇ ਹਨ ਉਥੇ ਉਸਦੇ ਨਾਇਕਤਵ ਦੀ ਸਥਾਪਤੀ ਨੂੰ ਵੀ ਉਜਾਗਰ ਕਰਦੇ ਹਨ।

## ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ: ਕੈਨੇਡਾ ਵਿੱਚ ਵਸੇਬੇ ਲਈ ਸੰਘਰਸ਼ ਤੇ ਰਾਸ਼ਟਰੀ ਜਾਗਰੂਕਤਾ

ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ (ਮਾਰਚ 1978) ਨਾਵਲ ਵਿਚ ਕੇਸਰ ਸਿੰਘ ਭਾਰਤੀ /ਪੰਜਾਬੀ ਪਰਵਾਸੀਆਂ ਦੇ ਡੇਢ ਦਹਾਕੇ ਦੇ ਇਤਿਹਾਸਕ ਯਥਾਰਥ, ਉਹਨਾਂ ਦੀ ਕੈਨੇਡਾ ਵਿੱਚ ਵਸੇਬੇ ਵਾਸਤੇ ਕੀਤੀ ਜਦੋ-ਜਹਿਦ ਅਤੇ ਆਪਣੇ ਵਤਨ ਨੂੰ ਗੁਲਾਮੀ ਤੋਂ ਆਜ਼ਾਦ ਕਰਾਉਣ ਵਾਸਤੇ ਗ੍ਰਹਿਣ ਕੀਤੀ ਰਾਸ਼ਟਰੀ ਕ੍ਰਾਂਤੀਕਾਰੀ ਰਾਜਨੀਤਕ ਚੇਤਨਾ ਦੇ ਸਮਵਿੱਥ ਇਕ ਸਧਾਰਨ ਵਿਅਕਤੀ ਦੇ ਵਿਅਕਤਿਤਵ ਵਿੱਚ ਆ ਗਏ ਵਿਕਾਸ ਤੇ ਰਾਸ਼ਟਰੀ ਜਾਗਰੂਕਤਾ ਨੂੰ ਪ੍ਰਦਰਸ਼ਿਤ ਕਰਕੇ ਇਤਿਹਾਸ ਅਤੇ ਵਿਅਕਤੀ ਦੇ ਦਵੰਦ-ਰੂਪੀ ਸੰਬੰਧਾਂ ਨੂੰ ਵੀ ਦ੍ਰਿਸ਼ਟੀਗੋਚਰ ਕਰਵਾਉਂਦਾ ਹੈ। ਨਾਵਲ ਦੇ ਕਥਾ-ਬਿਰਤਾਂਤ ਵਿੱਚ ਮੇਵਾ ਸਿੰਘ ਲੋਕ ਲਹਿਰ' ਚ ਸਿਆਣਪ, ਪ੍ਰਤਿਬੱਧਤਾ, ਈਮਾਨਦਾਰੀ ਨਾਲ ਆਪਣੀ ਸੇਵਾ ਨਿਭਾਉਂਦਾ ਹੈ। ਉਹ ਇਸ ਲੋਕ ਲਹਿਰ ਲਈ ਉਗਰਾਹੀ ਕਰਦਾ, ਹਥਿਆਰ ਇਕੱਤਰ ਕਰਦਾ ਤੇ ਹਿੰਦੀ ਇਨਕਲਾਬੀਆਂ ਦੇ ਪਰਚੇ 'ਫਰੀਅ ਇੰਡੀਆ' ਤੇ 'ਹਿੰਦੁਸਤਾਨੀ' ਦੀਆਂ ਕਾਪੀਆਂ ਵੰਡਦਾ ਉਹਨਾਂ ਨੂੰ ਇੱਕ ਸਾਂਝੀ ਕੌਮ ਬਣਨ ਲਈ ਪ੍ਰੇਰਿਤ ਕਰਦਾ ਹੈ। ਉਹ ਆਜ਼ਾਦੀ ਦੀ ਲਹਿਰ ਵਿੱਚ ਰੁਕਾਵਟ ਪੈਦਾ ਕਰਨ ਵਾਲੇ ਗੱਦਾਰ ਹਾਪਕਿਨਸਨ ਨੂੰ ਮਾਰ ਕੇ ਆਪਣੀ ਕਾਰਜ਼ਸ਼ੀਲਤਾ ਨੂੰ ਸਰਅੰਜ਼ਾਮ ਦਿੰਦਾ ਹੈ। ਇਸ ਤਰ੍ਹਾਂ ਉਹ ਬਰਤਾਨਵੀ ਸਾਮਰਾਜ ਦੇ ਇੱਕ ਪੁਰਜੇ ਨੂੰ ਜੋ ਲੋਕ ਲਹਿਰ ਦੇ ਰਸਤੇ ਵਿੱਚ ਰੁਕਾਵਟ ਬਣਦਾ ਹੈ, ਨੂੰ ਰਸਤੇ' ਚੋਂ ਹਟਾ ਕੇ ਲਹਿਰ ਪ੍ਰਤਿ ਆਪਣੀ ਪ੍ਰਤਿਬੱਧਤਾ ਦਾ ਸਬੂਤ ਦਿੰਦਾ ਹੈ।

## ਸਿੰਘ ਸਾਹਿਬ ਦੀ ਸ਼ਹਾਦਤ: ਬਰਤਾਨਵੀ ਜ਼ੁਲਮ ਅਤੇ ਤਸ਼ੱਦਦ ਦੀ ਦਾਸਤਾਨ

'ਸਿੰਘ ਸਾਹਿਬ ਦੀ ਸ਼ਹਾਦਤ' (ਮਾਰਚ 1982) ਨਾਵਲ ਵਿੱਚ ਪ੍ਰਸਿੱਧ ਗ਼ਦਰੀ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਜੀਵਨ-ਬਿਰਤਾਂਤ ਦੇ ਇਕ ਭਾਗ ਨੂੰ ਪ੍ਰਸਤੁਤ ਕੀਤਾ ਗਿਆ ਹੈ। ਵੈਨਕੂਵਰ ਵਿੱਚ ਸਥਾਪਤ ਗੁਰਦੁਆਰੇ ਵਿੱਚ ਨਿਯੁਕਤ ਭਾਈ ਬਲਵੰਤ ਸਿੰਘ ਦੀ ਜ਼ਿੰਮੇਵਾਰੀ ਗ਼ਦਰ ਪਾਰਟੀ ਦੀ ਇੱਕ ਰਣਨੀਤੀ ਅਧੀਨ ਬਰਮਾ ਵਿਚਲੀਆਂ ਫੌਜਾਂ ਵਿੱਚ ਗ਼ਦਰ ਦੇ ਪ੍ਰਚਾਰ ਦੀ ਲੱਗੀ ਹੋਈ ਸੀ। ਸ਼ੰਘਾਈ, ਬਰਮਾ, ਸਿੰਘਾਪੁਰ, ਸਿਆਮ ਵਿੱਚ ਆਪਣੀਆਂ ਗਦਰੀ ਗਤੀਵਿਧੀਆਂ ਨੂੰ ਜਾਰੀ ਰੱਖਦਾ ਉਹ ਸਿਆਮੀ ਪੁਲਿਸ ਦੁਆਰਾ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। 1915 ਈ. ਤਕ ਉਸਨੂੰ ਬੰਕੋਕ ਜੇਲ੍ਹ ਤੇ ਫਿਰ ਅਪ੍ਰੈਲ ਤੋਂ ਸਤੰਬਰ 1915 ਤਕ ਅਲੀਪੁਰ ਜੇਲ੍ਹ ਵਿੱਚ ਰੱਖਿਆ ਗਿਆ। ਇੱਥੇ ਉਸਨੂੰ ਸਾਥੀਆਂ ਸੁਕੁਮਾਰ ਚੈਟਰਜੀ, ਠਾਕਰ ਸਿੰਘ, ਦਰਸੀ ਚੈਨਚਈਆ, ਸ਼ਿਵਦਿਆਲ ਸਮੇਤ ਜ਼ੁਲਮ-ਤਸ਼ੱਦਦ

ਦਾ ਸ਼ਿਕਾਰ ਬਣਾ ਕੇ ਭੇਤ ਕੱਢਣ ਦੀਆਂ ਅਸਫ਼ਲ ਕੋਸ਼ਿਸ਼ਾਂ ਤੋਂ ਬਾਅਦ ਦੇਸ਼ ਭੇਜ ਦਿੱਤਾ ਜਾਂਦਾ ਹੈ, ਜਿੱਥੇ ਫਾਂਸੀ ਦੀ ਸਜ਼ਾ ਮੁਕੱਰਰ ਮਿਤੀ 17 ਮਾਰਚ 1917 ਤੋਂ ਇੱਕ ਦਿਨ ਪਹਿਲਾਂ ਹੀ ਦੇ ਦਿੱਤੀ ਜਾਂਦੀ ਹੈ। ਇਹ ਨਾਵਲ ਬਰਤਾਨਵੀ ਸਾਮਰਾਜ ਦੇ ਜ਼ੁਲਮ ਤੇ ਤਸ਼ੱਦਦ ਨੂੰ ਵੀ ਵਧੇਰੇ ਪ੍ਰਸਤੁਤ ਕਰਦਾ ਦਿਖਾਈ ਦਿੰਦਾ ਹੈ, ਜਿਸ ਵਿੱਚ ਬਿਨਾਂ ਕਿਸੇ ਜੁਰਮ ਦੇ ਸਾਬਿਤ ਹੋਣ, ਝੂਠੀਆਂ ਗਵਾਹੀਆਂ, ਮੁਕੱਦਮਿਆਂ ਦੇ ਆਧਾਰ' ਤੇ ਹੀ ਉਸਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ।

## ਜੰਵ ਲਾੜਿਆਂ ਦੀ: ਗ਼ਦਰ ਲਹਿਰ ਦਾ ਵਿਸਥਾਰ ਅਤੇ ਰਣਨੀਤੀ

ਕੇਸਰ ਸਿੰਘ ਦੇ ਗ਼ਦਰੀ ਲਹਿਰ ਨਾਲ ਸੰਬੰਧਿਤ ਮੁੱਢਲੇ ਦੌਰ ਦੇ ਨਾਵਲਾਂ ਵਿੱਚ ਜਿਥੇ ਉਤਰੀ ਅਮਰੀਕਾ ਦੀ ਧਰਤੀ ਉੱਪਰ ਗ਼ਦਰ ਪਾਰਟੀ ਦੇ ਨਿਕਾਸ, ਵਿਕਾਸ ਨਾਲ ਸੰਬੰਧਿਤ ਤੱਥਾਂ, ਘਟਨਾਵਾਂ, ਮੀਟਿੰਗਾਂ ਤੇ ਭਾਸ਼ਣਾਂ ਆਦਿ ਨੂੰ ਗਲਪੀ-ਰੂਪ ਪ੍ਰਦਾਨ ਕੀਤਾ ਗਿਆ ਹੈ ਜੋ ਕਿ ਕਿਸੇ ਲਹਿਰ ਦੇ ਪਹਿਲੇ ਪੜਾਅ' ਤੇ ਬੇਹਦ ਮਹੱਤਵਪੂਰਨ ਪੱਖ ਹੁੰਦੇ ਹਨ, ਉਥੇ ਇਹਨਾਂ ਦੇ ਸਮਵਿੱਥ ਨਾਵਲ 'ਜੰਵ ਲਾੜਿਆਂ ਦੀ' (1982)ਵਿੱਚ ਗ਼ਦਰ ਪਾਰਟੀ ਨੂੰ ਉਸਦੇ ਕ੍ਰਿਆਸ਼ੀਲ ਰੂਪ ਭਾਵ ਉਪਰੋਕਤ ਪੱਖਾਂ ਤੋਂ ਅਗਲੇ ਪੜਾਅ ਦੇ ਰੂਪ ਵਿੱਚ ਚਿਤਰਿਤ ਕੀਤਾ ਗਿਆ ਹੈ। ਇਸ 'ਆਜ਼ਾਦੀ ਦੀ ਜੰਵ' ਵਿੱਚ ਹਰ ਇਨਕਲਾਬੀ ਦੇਸ਼ ਭਗਤ ਜੋ ਅੰਗਰੇਜ਼ੀ ਸਾਮਰਾਜ ਵਿਰੁੱਧ ਲੜਾਈ ਵਿੱਚ ਸ਼ਾਮਿਲ ਸੀ, ਇਸ ਜੰਵ ਦਾ ਲਾੜਾ ਹੀ ਕਿਹਾ ਜਾ ਸਕਦਾ ਹੈ।ਇਸ ਨਾਵਲ ਵਿੱਚ ਗ਼ਦਰ ਲਹਿਰ ਦੇ ਪਾਸਾਰ, ਉਦੇਸ਼, ਰਣਨੀਤੀ, ਯੋਜਨਾ, ਦੂਸਰੇ ਦੇਸ਼ਾਂ ਦੀਆਂ ਸਾਮਰਾਜ ਵਿਰੋਧੀ ਲਹਿਰਾਂ ਨਾਲ ਗਠਜੋੜ ਦੇ ਯਤਨ,ਅੰਤਰ-ਰਾਸ਼ਟਰੀ ਮਹੱਤਤਾ, ਇਨਕਲਾਬੀਆਂ ਦੀ ਪ੍ਰਤਿਬੱਧਤਾ ਤੇ ਕੁਰਬਾਨੀਆਂ ਆਦਿ ਨੂੰ ਵਿਸਥਾਰ ਸਹਿਤ ਪ੍ਰਸਤੁਤ ਕੀਤਾ ਗਿਆ ਹੈ। ਇਸਦੇ ਅੰਤਰਗਤ ਸਿਆਮ-ਬਰਮਾ ਸਕੀਮ ਅਧੀਨ ਮਾਂਡਲੇ ਦੀ ਜੇਲ੍ਹ ਵਿੱਚ ਫਾਂਸੀ ਲੱਗਣ ਵਾਲੇ ਸੱਤ ਗਦਰੀਆਂ ਸੋਹਣ ਲਾਲ ਪਾਠਕ, ਚਾਲੀਆ ਰਾਮ, ਵਸਾਵਾ ਸਿੰਘ, ਹਰਨਾਮ ਸਿੰਘ, ਨਰੈਣ ਸਿੰਘ, ਨਿਰੰਜਣ ਸਿੰਘ, ਪਾਲਾ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਦੇਸ਼ ਭਗਤੀ ਦੀ ਭਾਵਨਾ, ਗ਼ਦਰ ਲਹਿਰ ਪ੍ਰਤਿ ਪ੍ਰਤਿਬੱਧਤਾ, ਨਾਇਕਤਵ ਦੇ ਕਾਰਜਾਂ ਨੂੰ ਨਾਵਲ ਦੇ ਬਿਰਤਾਂਤ ਵਿੱਚ ਉਘਾੜਿਆ ਗਿਆ ਹੈ। ਇਹਨਾਂ ਗ਼ਦਰੀਆਂ ਦੀ ਦੇਸ਼-ਭਗਤੀ, ਦ੍ਰਿੜ-ਨਿਸ਼ਚਾ ਇਨਕਲਾਬੀ ਚਰਿਤਰ, ਕਠਿਨ ਤੋਂ ਕਠਿਨ ਮੁਸ਼ਕਿਲ ਸਮੇਂ ਵੀ ਮਨੋਬਲ ਉੱਚਾ ਰੱਖਣ, ਆਪਸੀ ਸੂਝ-ਬੂਝ ਤੇ ਪਿਆਰ ਜਿਹੇ ਗੁਣਾਂ ਨੂੰ ਦਰਸਾਇਆ ਗਿਆ ਹੈ। ਇਸਦੇ ਨਾਲ ਹੀ ਬਰਤਾਨਵੀ ਸਾਮਰਾਜ ਦਾ ਅੱਤਿਆਚਾਰ, ਧੱਕੇਸ਼ਾਹੀ, ਬਦਸਲੂਕੀ ਆਦਿ ਨੂੰ ਗਲਪੀ-ਬਿੰਬ ਵਿੱਚ ਪ੍ਰਸਤੁਤ ਕੀਤਾ ਗਿਆ ਹੈ। ਕੇਸਰ ਸਿੰਘ ਦੀ ਗਲਪ-ਸੂਝ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਜੇਲ੍ਹ ਵਿਚਲੇ ਜ਼ੁਲਮ ਤੇ ਤਸ਼ੱਦਦ ਦੇ ਬਿਆਨ ਦੀ ਜਗ੍ਹਾ ਇਹਨਾਂ ਇਨਕਲਾਬੀਆਂ ਦੀ ਰਾਸ਼ਟਰੀ ਜਾਗਰੂਕਤਾ,ਚੜ੍ਹਦੀ ਕਲਾ,ਉੱਚ ਮਨੋਬਲ ਨੂੰ ਵਧੇਰੇ ਸ਼ਿੱਦਤ ਨਾਲ ਪ੍ਰਸਤੁਤ ਕੀਤਾ ਹੈ।

## ਗਦਰੀ ਗੁਲਾਬ ਅਤੇ ਕਾਮਾਗਾਟਾਮਾਰੂ: ਇਸਤਰੀ ਯੋਗਦਾਨ ਅਤੇ ਪਾਬੰਦੀਆਂ

ਨਾਵਲ 'ਗਦਰੀ ਗੁਲਾਬ (ਬੀਬੀ ਗੁਲਾਬ ਕੌਰ)' (1987) ਗ਼ਦਰ ਲਹਿਰ ਦੀ ਮਾਈ ਭਾਗੋ ਅਖਵਾਉਣ ਵਾਲੀ ਅਤੇ ਆਜ਼ਾਦੀ ਦੀ ਲਹਿਰ ਵਿੱਚ ਕਾਰਜਸ਼ੀਲ ਪਹਿਲੀ ਪੰਜਾਬੀ ਇਸਤਰੀ ਬੀਬੀ ਗੁਲਾਬ ਕੌਰ ਨਾਲ ਸੰਬੰਧਿਤ ਹੈ। ਇਸ ਨਾਵਲ ਦਾ ਪਿਛੋਕੜ ਬਰਤਾਨੀਆ ਦੀ ਦਖਲ-ਅੰਦਾਜ਼ੀ ਕਾਰਨ ਅਮਰੀਕਾ ਤੇ ਕੈਨੇਡਾ ਦੁਆਰਾ ਹਿੰਦੁਸਤਾਨੀਆਂ ਦੇ ਦਾਖ਼ਲੇ 'ਤੇ ਲਾਈ ਪਾਬੰਦੀ ਨਾਲ ਸੰਬੰਧਿਤ ਹੈ। ਇਸ ਨਾਵਲ ਵਿੱਚ ਲੇਖਕ ਨੇ ਬੀਬੀ ਗੁਲਾਬ ਕੌਰ ਦੇ ਵਿਅਕਤਿਤਵ ਅਤੇ ਕਾਰਜਾਂ ਉੱਪਰ ਰੌਸ਼ਨੀ ਪਾਉਣ ਦੇ ਨਾਲ ਹੀ ਗ਼ਦਰ ਪਾਰਟੀ ਦੇ ਸਿਧਾਂਤਕ ਪਹਿਲੂਆਂ, ਅਸੂਲਾਂ, ਨਿਯਮਾਂ ਤੇ ਮੰਤਵਾਂ ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਹੈ। ਇਸ ਸਾਰੀ ਪ੍ਰਕਿਰਿਆ ਵਿਚ ਜਿਥੇ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਧਰਮ ਸਿੰਘ, ਕਰਮ ਸਿੰਘ, ਅਮਰ ਸਿੰਘ, ਜਵਾਲਾ ਸਿੰਘ ਆਦਿ ਦੇਸ਼-ਭਗਤਾਂ, ਗ਼ਦਰੀਆਂ ਦੇ ਚਰਿਤਰ, ਅਨੁਭਵਾਂ, ਕਾਰਵਾਈਆਂ, ਕੁਰਬਾਨੀਆਂ, ਸ਼ਹੀਦੀਆਂ ਨੂੰ ਵੀ ਪ੍ਰਸਤੁਤ ਕੀਤਾ ਹੈ। ਇਸਦੇ ਵਿਪਰੀਤ ਅੰਗਰੇਜ਼ਾਂ ਦੁਆਰਾ ਜਬਰੀ ਭਰਤੀ ਗੁਰਦੁਆਰਿਆਂ ਦਾ ਪੁਲਿਸ ਦੇ ਅੱਡਿਆਂ ਦੇ ਤੌਰ' ਤੇ ਇਸਤੇਮਾਲ, ਬਿਨਾਂ ਮੁਕੱਦਮਾ ਚਲਾਏ ਸਜ਼ਾਵਾਂ ਦੇਣੀਆਂ ਅਤੇ ਹੋਰ ਬਹੁਤ ਸਾਰੀਆਂ ਅਮਾਨਵੀ, ਜ਼ਾਲਮਾਨਾ ਕਾਰਵਾਈਆਂ ਤੇ ਕੂਟਨੀਤੀਆਂ ਤੋਂ ਵੀ ਪਰਦਾ ਉਠਾਇਆ ਹੈ। ਨਾਵਲ 'ਕਾਮਾਗਾਟਾਮਾਰੂ' (1993) ਵਿਚ ਵੀ ਗ਼ਦਰ ਲਹਿਰ ਸੰਬੰਧੀ ਵਿਵਰਣ ਉਪਲਬਧ ਹੈ। ਹਾਪਕਿਨਸਨ ਨੂੰ ਮਾਰ ਮੁਕਾਉਣ ਵਾਲੇ

ਮੇਵਾ ਸਿੰਘ ਤੋਂ ਇਲਾਵਾ ਭਾਈ ਬਲਵੰਤ ਸਿੰਘ, ਹਰਨਾਮ ਸਿੰਘ ਕਾਦਰੀ, ਸੋਹਨ ਲਾਲ ਆਦਿ ਦੇਸ਼-ਭਗਤਾਂ ਤੇ ਗੱਦਾਰਾਂ ਦੇ ਚਰਿਤਰਾਂ ਨੂੰ ਬਾਖੂਬੀ ਉਘਾੜਿਆ ਗਿਆ ਹੈ।

## ਹਥਿਆਰਬੰਦ ਇਨਕਲਾਬ: ਸਮੁੱਚੇ ਸਿਆਸੀ ਇਤਿਹਾਸ ਦਾ ਨਿਰੂਪਣ

ਕੇਸਰ ਸਿੰਘ ਨੇ ਗਦਰ ਲਹਿਰ ਦੇ ਇਤਿਹਾਸ ਨੂੰ ਇਸ ਲਹਿਰ ਨਾਲ ਸੰਬੰਧਿਤ ਸਭ ਤੋਂ ਵੱਡੇ ਆਕਾਰ ਦੇ ਨਾਵਲ 'ਹਥਿਆਰਬੰਦ ਇਨਕਲਾਬ' (ਜੁਲਾਈ 1998) ਵਿੱਚ ਰੂਪਮਾਨ ਕੀਤਾ ਹੈ। ਇਹ ਨਾਵਲ ਖ਼ੁਦ ਉਸਦੀ ਆਪਣੀ ਇਤਿਹਾਸਕ ਨਾਵਲ ਦੀ ਪਰੰਪਰਾ ਤੋਂ ਇਕ ਵਿੱਥ ਦੀ ਸਥਾਪਨਾ ਕਰਦਾ ਹੈ। ਉਸਦੇ ਪਹਿਲੇ ਗ਼ਦਰ ਲਹਿਰ ਨਾਲ ਸੰਬੰਧਿਤ ਨਾਵਲ ਜਿੱਥੇ ਇਸ ਲਹਿਰ ਦੀ ਕਿਸੇ ਇਕ ਮਹੱਤਵਪੂਰਨ ਘਟਨਾ ਜਾਂ ਕਿਸੇ ਇਤਿਹਾਸਕ ਗ਼ਦਰੀ ਪਾਤਰ ਨੂੰ ਕੇਂਦਰ ਬਣਾਉਂਦੇ ਰਹੇ ਹਨ ਤੇ ਗ਼ਦਰ ਲਹਿਰ ਦੇ ਇਤਿਹਾਸ ਦੀਆਂ ਵਿਭਿੰਨ ਘਟਨਾਵਾਂ ਨੂੰ ਇਨ੍ਹਾਂ ਰਾਹੀ ਦਰਸਾਇਆ ਗਿਆ ਹੈ ਉਥੇ ਇਸ ਨਾਵਲ ਵਿੱਚ ਵੀਂਹਵੀ ਸਦੀ ਦੇ ਪਹਿਲੇ ਅੱਧ ਦੇ ਸਮੁੱਚੇ ਸਿਆਸੀ ਇਤਿਹਾਸ ਨੂੰ ਨਿਰੂਪਤ ਕੀਤਾ ਗਿਆ ਹੈ ਜੋ ਰਾਸ਼ਟਰੀ ਜਾਗਰੂਕਤਾ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਇਹ ਨਾਵਲ ਸੱਤ ਭਾਗਾਂ 'ਯੁਗਾਂਤਰ ਬੰਬ','ਗੱਜੇ ਸ਼ੇਰ ਵਲੈਤ ਵਿਚ', 'ਯੁਗਾਂਤਰ ਆਸ਼ਰਮ', 'ਗ਼ਦਰ', 'ਮਾਰੋ ਫਰੰਗੀ', 'ਜੇਲਾਂ ਵਤਨੋਂ ਦੂਰ' ਅਤੇ 'ਹਥਿਆਰਬੰਦ ਇਨਕਲਾਬ' ਵਿੱਚ ਵੰਡਿਆ ਗਿਆ ਹੈ। ਗ਼ਦਰ ਲਹਿਰ ਦੇ ਰੂਪ ਵਿੱਚ ਫੈਲੀ ਰਾਸ਼ਟਰੀ ਜਾਗਰੂਕਤਾ ਪੂਰੇ ਨਾਵਲ ਦੇ ਕੈਨਵਸ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਪਹਿਲੇ ਭਾਗ 'ਯੁਗਾਂਤਰ ਬੰਬ' ਵਿੱਚ ਵੀਹਵੀਂ ਸਦੀ ਦੇ ਆਰੰਭ ਵਿੱਚ ਹਿੰਦੁਸਤਾਨੀਆਂ ਦੇ ਵਿਦੇਸ਼ਾਂ ਵਿੱਚ ਜਾਣ ਦੀ ਪ੍ਰਕਿਰਿਆ, ਵਿਭਿੰਨ ਪਰਿਵੇਸ਼ ਅਤੇ ਅਨੁਭਵਾਂ ਦੇ ਸਨਮੁੱਖ ਹੋਣ ਦੀ ਕਹਾਣੀ ਦਰਸਾਈ ਗਈ ਹੈ। ਇਸ ਵਿੱਚ ਉਹਨਾਂ ਨੂੰ ਪਹਿਲੀ ਵਾਰ ਗ਼ੁਲਾਮ ਤੇ ਆਜ਼ਾਦ ਜੀਵਨ ਵਿਚਲੇ ਅੰਤਰ ਸੰਬੰਧੀ ਜਾਗਰੂਕਤਾ ਪੈਦਾ ਹੁੰਦੀ ਹੈ।

> *'ਯੁਗਾਂਤਰ ਬੰਬ' ਅਖਬਾਰ ਰਾਹੀਂ ਹਿੰਦੁਸਤਾਨੀ ਮੂਲ ਦੇ ਵਸਨੀਕਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਪ੍ਰਤਿ ਪ੍ਰੇਰਿਤ ਕੀਤਾ ਜਾਂਦਾ ਹੈ ਜਿਸ ਵਿੱਚ ਲਾਲਾ ਹਰਦਿਆਲ ਮੋਢੀ ਨੇਤਾ ਵਜੋਂ ਉਭਰਦਾ ਹੈ। 'ਗੱਜੇ ਸ਼ੇਰ ਵਲੈਤ ਵਿੱਚ' ਵਾਲੇ ਭਾਗ ਵਿੱਚ ਪੈਰਿਸ ਦੇ ਕ੍ਰਾਂਤੀਕਾਰੀ ਕੇਂਦਰ ਦਾ ਵਰਣਨ ਕੀਤਾ ਗਿਆ ਹੈ। ਬਦੇਸ਼ੀ ਭਾਰਤੀਆਂ ਨੇ ਲੰਡਨ, ਪੈਰਿਸ ਅਤੇ ਨਿਊਯਾਰਕ ਵਿੱਚ ਕ੍ਰਾਂਤੀਕਾਰੀ ਕੇਂਦਰ ਸਥਾਪਿਤ ਕਰ ਲਏ ਸਨ ਜਿੱਥੋਂ ਬੰਬ ਬਣਾਉਣ, ਹਥਿਆਰ ਪ੍ਰਾਪਤ ਕਰਨ, ਡਾਕੇ ਮਾਰਨ ਤੇ ਅਫ਼ਸਰ ਸ਼੍ਰੇਣੀ ਅੰਦਰ ਡਰ ਪੈਦਾ ਕਰਨ ਦਾ ਰਸਤਾ ਅਪਨਾਇਆ ਗਿਆ।*[5]

ਮਦਨ ਲਾਲ ਢੀਂਗਰਾ ਦੀ ਸ਼ਹੀਦੀ ਉਪਰੰਤ ਇਥੇ ਬੈਠ ਕੇ ਮੈਡਮ ਕਾਮਾ, ਸ਼ਿਆਮਾ ਜੀ, ਕ੍ਰਿਸ਼ਨਾ ਵਰਮਾ ,ਰਾਣਾ ਜੀ ਤੇ ਵੀਰ ਸਾਵਰਕਰ ਇਨਕਲਾਬੀ ਸਾਹਿਤ ਤੇ ਹਥਿਆਰ ਸੁਤੰਤਰਤਾ ਸੰਗਰਾਮ ਵਾਸਤੇ ਭੇਜ ਰਹੇ ਹਨ। ਸਟੁਟ ਗਾਰਟ ਜਰਾਹੀ ਵਿੱਚ ਦੂਜੀ ਇੰਟਰਨੈਸ਼ਨਲ ਕਾਨਫ਼ਰੰਸ ਸਮੇਂ ਹਿੰਦੁਸਤਾਨ ਦੀ ਕੌਮੀ ਤਿਰੰਗੇ ਝੰਡੇ ਨੂੰ ਲਹਿਰਾਉਣਾ ਤੇ ਅੰਤਰਰਾਸ਼ਟਰੀ ਭਾਈਚਾਰੇ ਕੋਲੋਂ ਪ੍ਰਵਾਨਗੀ ਦਿਵਾਉਣਾ ਇਥੋਂ ਦੀ ਇਕ ਹੋਰ ਬਹੁਤ ਮਹੱਤਵਪੂਰਨ ਘਟਨਾ ਹੈ। ਇਸ ਨਾਵਲ ਦੇ ਤੀਸਰੇ ਭਾਗ 'ਯੁਗਾਂਤਰ ਆਸ਼ਰਮ' ਵਿੱਚ ਕਾਮਾਗਾਟਾਮਾਰੂ ਦੀ ਮਹੱਤਵਪੂਰਨ ਇਤਿਹਾਸਕ ਘਟਨਾ ਦਾ ਵਿਸਤ੍ਰਿਤ ਜ਼ਿਕਰ ਕੀਤਾ ਗਿਆ ਹੈ।

ਇਸ ਨਾਵਲ ਦਾ ਚੌਥਾ ਭਾਗ 'ਗ਼ਦਰ' ਮਹੱਤਵਪੂਰਨ ਇਤਿਹਾਸਕ ਵੇਰਵਿਆਂ ਤੇ ਵਰਨਣਾਂ ਦੀ ਪੇਸ਼ਕਾਰੀ ਕਰਦਾ ਹੈ। ਗ਼ਦਰ ਪਾਰਟੀ ਦਾ ਕੇਂਦਰੀ ਦਫ਼ਤਰ 'ਯੁਗਾਂਤਰ ਆਸ਼ਰਮ' 436 ਹਿਲ ਸਟਰੀਟ, ਸਾਨਫ਼ਰਾਂਸਿਸਕੋ ਬਣਿਆ। ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖਬਾਰ ਦੇ ਪਹਿਲੇ ਅੰਕ ਵਿੱਚ ਹੀ ਇਸਦੇ ਉਦੇਸ਼ ਇਨਕਲਾਬ ਲਿਆਉਣ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਗਿਆ।

> *"ਅੱਜ, ਸਾਡੇ ਦੇਸ਼ ਦੀ ਬੋਲੀ ਵਿੱਚ ਬਦੇਸ਼ਾਂ ਦੀ ਧਰਤੀ ਤੇ ਬਰਤਾਨਵੀ ਰਾਜ ਵਿਰੁੱਧ ਜੰਗ ਸ਼ੁਰੂ ਹੋ ਗਈ ਹੈ... ਸਾਡਾ ਨਾਂ? ਗ਼ਦਰ। ਸਾਡਾ ਕੰਮ ਗ਼ਦਰ। ਗ਼ਦਰ ਕਿੱਥੇ ਹੋਵੇਗਾ? ਹਿੰਦੁਸਤਾਨ ਵਿੱਚ।"*[6]

ਇਸ ਭਾਗ ਵਿੱਚ ਗ਼ਦਰੀਆਂ ਦੁਆਰਾ ਦੇਸ਼ ਪਹੁੰਚ ਗ਼ਦਰ ਦੀ ਵਿਉਂਤ ਬਣਾਉਣਾ, ਵੱਖ-ਵੱਖ ਥਾਵਾਂ 'ਤੇ ਅੱਡੇ ਕਾਇਮ ਕਰਨੇ, ਹਥਿਆਰ ਇਕੱਠੇ ਕਰਨ ਲਈ ਕਈ ਡਾਕੇ ਮਾਰਨਾ, ਫੌਜੀ ਛਾਉਣੀਆਂ ਵਿੱਚ ਗ਼ਦਰ ਦਾ ਪ੍ਰਚਾਰ ਕਰਨਾ ਆਦਿ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸਤੋਂ ਇਲਾਵਾ ਇਸ ਲਹਿਰ ਦੇ ਮੰਤਵਾਂ, ਪਾਸਾਰਾਂ ਨੂੰ ਵੀ ਦਰਸਾਇਆ ਗਿਆ ਹੈ। ਇਸ ਉਦੇਸ਼ ਦੀ ਪੂਰਤੀ ਲਈ ਰਾਸ ਬਿਹਾਰੀ ਬੋਸ ਨੂੰ ਵੀ ਪੰਜਾਬ ਵਿੱਚ ਲਿਆਂਦਾ ਜਾਂਦਾ ਹੈ ਪਰੰਤੂ ਸਰਕਾਰ ਦੀ ਮੁਖ਼ਬਰੀ ਤੇ ਹੋਰ ਕਾਰਨਾਂ ਕਰਕੇ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ

ਤੇ ਕਈ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੰਜਵੇਂ ਭਾਗ 'ਮਾਰੋ ਫਰੰਗੀ' ਵਿੱਚ ਇਹਨਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਬੰਧਕ ਬਣਾਏ ਜਾਣ ਦੇ ਵੇਰਵੇ ਦਰਜ ਹਨ। 'ਲਾਹੌਰ ਸਾਜਿਸ਼ ਕੇਸ' ਇਨ੍ਹਾਂ ਗ਼ਦਰੀ ਦੇਸ਼ ਭਗਤਾਂ 'ਤੇ ਚਲਾਇਆ ਜਾਂਦਾ ਹੈ। ਇਸ ਕੇਸ ਉੱਪਰ ਹੋਈ ਪੂਰੀ ਅਦਾਲਤੀ ਕਾਰਵਾਈ ਤੇ ਹੋਰ ਵੇਰਵੇ ਇਥੇ ਦਰਜ ਹਨ। ਕਰਤਾਰ ਸਿੰਘ ਸਰਾਭਾ ਤੇ ਉਸਦੇ ਸਾਥੀ ਮੌਤ ਤੋਂ ਨਾ ਡਰਦੇ ਹੋਏ ਸਗੋਂ ਜੇਲ੍ਹ ਵਿੱਚ 'ਮਾਰੋ ਫਰੰਗੀ' ਦੇ ਨਾਅਰੇ ਲਾਉਂਦੇ ਹਨ। ਸੱਤ ਦੇਸ਼ ਭਗਤਾਂ ਨੂੰ ਫ਼ਾਂਸੀ, ਸਤਾਰਾਂ ਨੂੰ ਉਮਰ ਕੈਦ ਤੇ ਸੌਲਾਂ ਨੂੰ ਕਾਲੇਪਾਣੀ ਦੀ ਸਜ਼ਾ ਸੁਣਾਈ ਜਾਂਦੀ ਹੈ। ਇਸ ਮੁਕੱਦਮੇ ਦੀ ਕਾਰਵਾਈ ਗੁਪਤ ਰੱਖੇ ਜਾਣ ਦੇ ਬਾਵਜੂਦ ਕਰਤਾਰ ਸਿੰਘ ਸਰਾਭਾ ਦੇ ਅਖ਼ਬਾਰਾਂ ਵਿੱਚ ਛਪੇ ਬਿਆਨ ਨੂੰ ਇਸ ਤਰ੍ਹਾਂ ਦਰਜ ਕੀਤਾ ਗਿਆ ਹੈ:

> *ਮਾਂ ਅਸੀਂ ਆਏ ਕਿ ਆਏ! ਅਸੀਂ ਤੇਰੀਆਂ ਦੁਖੀ ਆਵਾਜ਼ਾਂ ਸੁਣ ਲਈਆਂ ਹਨ। ਅਸੀਂ ਤੇਰੀਆਂ ਗੁਲਾਮੀ ਦੀਆਂ ਬੇੜੀਆਂ ਤੇ ਹੱਥਕੜੀਆਂ ਕੱਟ ਕੇ ਛੱਡਾਂਗੇ ਜਾਂ ਫਿਰ ਮੌਤ ਦਾ ਪਿਆਲਾ ਪੀ ਜਾਵਾਂਗੇ। ਫੇਰ ਤੇਰੀ ਕੁੱਖ ਹਰੀ ਕਰਾਂਗੇ। ਮੌਤ ਦਾ ਘੁੰਡ ਚੁੱਕ ਕੇ ਕੁਰਬਾਨ ਹੁੰਦੇ ਰਹਾਂਗੇ, ਜਦ ਤਕ ਤੈਨੂੰ ਆਜ਼ਾਦ ਨਹੀਂ ਕਰਵਾ ਲੈਂਦੇ।*[7]

ਛੇਵੇਂ ਤੇ ਸੱਤਵੇਂ ਭਾਗਾਂ ਕ੍ਰਮਵਾਰ 'ਜੇਲ੍ਹਾਂ ਵਤਨੋਂ ਦੂਰ' ਤੇ 'ਹਥਿਆਰਬੰਦ ਇਨਕਲਾਬ' ਰਾਹੀਂ ਗ਼ਦਰ ਲਹਿਰ ਦੀ ਮੁੜ ਉਸਾਰੀ, ਕਾਂਗਰਸ ਤੇ ਮੁਸਲਿਮ ਲੀਗ ਵਿਚਲੀ ਫੁੱਟ, ਦੰਗੇ ਫਸਾਦ, ਫਿਰਕਾਪ੍ਰਸਤੀ, ਜਾਨੀ-ਮਾਲੀ ਨੁਕਸਾਨ ਤੇ ਆਜ਼ਾਦੀ ਮਿਲਣ ਦੇ ਵੇਰਵੇ ਦਰਜ ਹਨ। ਆਖ਼ਿਰ ਕਾਂਗਰਸ ਸਰਮਾਏਦਾਰੀ ਹਕੂਮਤ ਸੰਭਾਲ ਲੈਂਦੀ ਹੈ। ਇਸ ਨਾਵਲ ਰਾਹੀਂ ਆਜ਼ਾਦੀ ਲਹਿਰ ਵਿੱਚ ਸ਼ਿਰਕਤ ਕਰ ਰਹੀਆਂ ਪਾਰਟੀਆਂ ਦੇ ਆਪਸੀ ਟਕਰਾ ਅਤੇ ਰਾਜਨੀਤਕ ਦਾਅ-ਪੇਚਾਂ ਨੂੰ ਵੀ ਬਿਆਨ ਕੀਤਾ ਗਿਆ ਹੈ। ਇਹ ਨਾਵਲ ਆਜ਼ਾਦੀ ਦੇ ਸੰਗਰਾਮ ਵਿੱਚ ਸ਼ਾਮਿਲ ਸਭ ਦੇਸ਼- ਭਗਤਾਂ ਨੂੰ ਸਿਜਦਾ ਕਰਦਾ ਹੈ।

## ਨਿਸ਼ਕਰਸ਼

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਪਰਵਾਸੀਆਂ ਨੇ ਹਿੰਦੁਸਤਾਨ ਦੀ ਜੰਗ-ਏ-ਆਜ਼ਾਦੀ ਵਿੱਚ ਗ਼ਦਰ ਲਹਿਰ ਰਾਹੀਂ ਬਹੁਤ ਵੱਡਾ ਇਤਿਹਾਸਕ ਯੋਗਦਾਨ ਪਾਇਆ। ਗ਼ਦਰ ਲਹਿਰ ਨਾਲ ਸੰਬੰਧਿਤ ਸਾਹਿਤ ਦੀ ਸਿਧਾਂਤ ਭੂਮੀ ਨੇ ਦੇਸ਼ ਵਾਸੀਆਂ ਨੂੰ ਜਾਗਰੂਕ ਕਰਨ, ਆਜ਼ਾਦੀ ਦੇ ਸਿਧਾਂਤਕ ਤੇ ਵਿਹਾਰਕ ਪਹਿਲੂਆਂ ਦੀ; ਜਨ ਸਾਧਾਰਨ ਦੀ ਭਾਸ਼ਾ ਵਿੱਚ ਅੱਕਾਸੀ ਹੀ ਨਹੀਂ ਕੀਤੀ ਬਲਕਿ ਪ੍ਰੇਰਨਾਦਾਇਕ ਭੂਮਿਕਾ ਨਿਭਾਉਂਦੇ ਹੋਏ, ਭਾਰਤੀ ਇਤਿਹਾਸ ਦੇ ਨਾਇਕਾਂ ਨੂੰ ਉਭਾਰਦਿਆਂ ਦੇਸ਼ ਵਾਸੀਆਂ ਨੂੰ ਜੰਗ-ਏ-ਆਜ਼ਾਦੀ ਵਿੱਚ ਹਿੱਸਾ ਪਾਉਣ ਲਈ ਵੰਗਾਰਿਆ। ਗ਼ਦਰ ਲਹਿਰ ਦੇ ਪੰਜਾਬੀ ਸਾਹਿਤ ਉੱਪਰ ਸਿੱਧੇ ਪ੍ਰਭਾਵ ਅਧੀਨ ਕੇਸਰ ਸਿੰਘ ਦੀਆਂ ਇਹਨਾਂ ਗਲਪ ਰਚਨਾਵਾਂ ਨੂੰ ਵਾਚਿਆ ਗਿਆ ਹੈ। ਜੋ ਇਸਦੀ ਸਾਹਿਤਕ ਇਤਿਹਾਸਕਾਰੀ ਕਰਦਿਆਂ ਦੇਸ਼ ਭਗਤੀ ਤੇ ਧਰਮ ਨਿਰਪੱਖਤਾ ਦੀ ਆਦਰਸ਼ਕ ਮਾਡਲ ਇਸ ਲਹਿਰ ਦੀ ਵਰਤਮਾਨ ਸਮੇਂ ਵਿੱਚ ਪ੍ਰਾਸੰਗਿਕਤਾ ਨੂੰ ਵੀ ਦਰਸਾਉਂਦਾ ਹੈ। ਇਸ ਰਾਹੀਂ ਲੇਖਕ ਦਾ ਰਾਸ਼ਟਰਵਾਦੀ, ਮਾਨਵਵਾਦੀ ਤੇ ਯੁੱਧ ਵਿਰੋਧੀ ਦ੍ਰਿਸ਼ਟੀਕੋਣ ਵੀ ਉਜਾਗਰ ਹੁੰਦਾ ਹੈ।

## ਹਵਾਲੇ ਤੇ ਟਿੱਪਣੀਆਂ


[1]. ਕੇਸਰ,ਜਸਬੀਰ (1988), ਨਾਵਲਕਾਰ ਕੇਸਰ ਸਿੰਘ ਦਾ ਜੁਝਾਰ ਮਾਨਵਵਾਦ, ਆਕੀ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 47.

[2]. ਸਿੰਘ, ਕੇਸਰ (1975), ਬਾਬਾ ਹਰੀ ਸਿੰਘ ਉਸਮਾਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ 128.

[3]. ਉਹੀ, ਪੰਨਾ 129.

[4]. ਉਹੀ, ਪੰਨਾ 129.

[5]. Pandey, B.N.(Ed.)(1979), The Indian Nationalist Movement (1885-1947), Macmillan, London, p 4.

[6]. Ouated by Singh, Khushwant(1983) A History of the Sikhs, vol 2, Oxford University Press, Delhi (4th Impression) pp. 176-177.

[7]. ਸਿੰਘ ਕੇਸਰ(ਜੁਲਾਈ 1998), ਹਥਿਆਰਬੰਦ ਇਨਕਲਾਬ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ 484.



***Cite this Article:***

*Kaur, A. A. (2026). ਗ਼ਦਰ ਲਹਿਰ ਅਤੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪਰਵਾਸੀ ਪੰਜਾਬੀਆਂ ਦੇ ਯੋਗਦਾਨ ਦੀ ਸਾਹਿਤਕ ਪ੍ਰਸਤੁਤੀ ਦਾ ਬਿਰਤਾਂਤ. International Journal of Humanities, Commerce and Education, 2(2), 26–31.*

***Journal URL:*** *https://ijhce.com/* ***DOI:*** *https://doi.org/10.59828/ijhce.v2i2.33*